# PL514 (Rev 1)

## ਪੈਟਰਨਿਟੀ ਲੀਵ (ਬੱਚੇ ਦੇ ਪਿਤਾ ਲਈ ਛੁੱਟੀ) ਅਤੇ ਤਨਖ਼ਾਹ

*ਮੁੱਢਲਾ ਖ਼ੁਲਾਸਾ*

ਕੰਮ ਕਰਨ ਵਾਲੇ ਮਾਪਿਆਂ ਦੀ ਮਦਦ ਕਰਨ ਲਈ ਸਰਕਾਰ ਵਚਨ-ਬੱਧ ਹੈ। **ਅਜਿਹੇ ਕਰਮਚਾਰੀਆਂ ਲਈ ਪੈਟਰਨਿਟੀ ਲੀਵ (ਬੱਚੇ ਦੇ ਪਿਤਾ ਲਈ ਛੁੱਟੀ) ਅਤੇ ਤਨਖ਼ਾਹ ਸ਼ੁਰੂ ਕੀਤੀ ਜਾਏਗੀ ਜਿਹਨਾਂ ਦੇ ਬੱਚਿਆਂ ਦਾ ਜਨਮ 6 ਅਪ੍ਰੈਲ 2003 ਨੂੰ ਜਾਂ ਇਹਤੋਂ ਮਗਰੋਂ ਹੋਇਆ ਹੈ ਜਾਂ ਹੋਣਾ ਹੈ।**

ਇਹਦੇ ਨਾਲ ਹੀ, ਸਰਕਾਰ ਮੈਟਰਨਿਟੀ ਲੀਵ (ਜਣੇਪਾ ਛੁੱਟੀ) ਅਤੇ ਮੈਟਰਨਿਟੀ ਪੇਅ (ਜਣੇਪਾ ਤਨਖ਼ਾਹ) ਨੂੰ ਵੀ ਵਧਾ ਅਤੇ ਫੈਲਾਅ ਰਹੀ ਹੈ, ਅਤੇ ਗੋਦ ਲਏ ਬੱਚਿਆਂ ਦੇ ਪੈਸੇ ਅਤੇ ਛੋਟੇ ਬੱਚਿਆਂ ਦਾ ਪਾਲਣ ਕਰਨ ਵਾਲੇ ਮਾਪਿਆਂ ਦੇ ਕੰਮ ਦੇ ਘੰਟੇ ਲੋੜ ਅਨੁਸਾਰ ਬਦਲਣ ਦੇ ਹੱਕ ਵੀ ਸ਼ੁਰੂ ਕਰ ਰਹੀ ਹੈ। ਨਿਰਭਰ ਲੋਕਾਂ ਲਈ ਦੀ ਦੇਖਭਾਲ ਕਰਨ ਲਈ ਕੰਮ ਤੋਂ ਸਮਾਂ ਕੱਢਣ ਦੇ ਮੌਜੂਦਾ ਹੱਕਾਂ ਦੇ ਨਾਲ ਮਿਲ ਕੇ ਇਹ ਨਵੇਂ ਹੱਕ ਮਾਪਿਆਂ ਨੂੰ ਪਹਿਲਾਂ ਨਲੋਂ ਵੱਧ ਮੌਕੇ ਦਿੰਦੇ ਹਨ ਕਿ ਉਹ ਕੰਮ ਦੀ ਜ਼ਿੰਦਗੀ ਅਤੇ ਪਰਿਵਾਰ ਦੀ ਜ਼ਿੰਦਗੀ ਵਿਚ ਸੰਤੁਲਨ ਵੀ ਰੱਖ ਸਕਣ। ਇਹ ਹੱਕਾਂ ਦਾ ਕਾਰੋਬਾਰੀ ਯੋਗਤਾ 'ਤੇ ਵੀ ਚੰਗਾ ਅਸਰ ਪਏਗਾ ਅਤੇ ਇਸ ਯੋਗਤਾ ਵਿਚ ਵਾਧਾ ਹੋਏਗਾ।

ਪੈਟਰਨਿਟੀ ਲੀਵ ਅਤੇ ਤਨਖ਼ਾਹ ਦੇ ਹੱਕ ਬਾਰੇ ਇਸ ਪਰਚੇ ਵਿਚ ਮੁੱਢਲੀ ਜਾਣਕਾਰੀ ਦਿੱਤੀ ਗਈ ਹੈ। ਪਰ ਜ਼ਿਆਦਾ ਜਾਣਕਾਰੀ ਦੇਣ ਦੀ ਕੋਸ਼ਿਸ਼ ਇਸ ਪਰਚੇ ਵਿਚ ਨਹੀਂ ਕੀਤੀ ਗਈ, ਅਤੇ ਇਹਨੂੰ ਕਾਨੂੰਨ ਦਾ ਅਧਿਕਾਰਤ ਬਿਆਨ ਨਹੀਂ ਮੰਨਿਆ ਜਾਣਾ ਚਾਹੀਦਾ।

ਬੱਚਾ ਗੋਦ ਲੈਣ ਤੋਂ ਬਾਅਦ ਗੋਦ ਲੈਣ ਵਾਲੇ ਮਾਪਿਆਂ ਨੂੰ ਵੀ ਪੈਟਰਨਿਟੀ ਲੀਵ ਅਤੇ ਤਨਖ਼ਾਹ ਮਿਲ ਸਕਦੀ ਹੈ। ਇਹਦੇ ਬਾਰੇ ਪਰਚਾ Ad*optive parents: rights to leave and pay* (PL515) (ਗੋਦ ਲੈਣ ਵਾਲੇ ਮਾਪੇ: ਛੁੱਟੀ ਅਤੇ ਤਨਖ਼ਾਹ ਲੈਣ ਦੇ ਹੱਕ) ਇਸ ਵੈੱਬਸਾਈਟ 'ਤੇ ਪੜ੍ਹਿਆ ਜਾ ਸਕਦਾ ਹੈ - www.dti.gov.uk/er/adoption.htm ਜਾਂ ਡੀ ਟੀ ਆਈ ਪਬਲੀਕੇਸ਼ਨਜ਼ ਆਰਡਰਲਾਈਨ (DTI Publications Orderline) ਤੋਂ ਮੰਗਵਾਇਆ ਜਾ ਸਕਦਾ ਹੈ। (ਰਾਬਤਾ ਕਰਨ ਬਾਲੇ ਜਾਣਕਾਰੀ 'ਵਧੇਰੇ ਜਾਣਕਾਰੀ' ਵਾਲੇ ਹਿੱਸੇ ਵਿਚ ਦਿੱਤੀ ਗਈ ਹੈ)।

ਇਸ ਪਰਚੇ ਦਾ ਤਾਜ਼ਾ ਰੂਪ ਅਤੇ ਵਧੇਰੇ ਜਾਣਕਾਰੀ ਦੇਣ ਵਾਲਾ ਕਿਤਾਬਚਾ *Working fathers – rights to leave and* pay (PL 517) (ਕੰਮ ਕਰਨ ਵਾਲੇ ਪਿਤਾ - ਛੁੱਟੀ ਅਤੇ ਤਨਖ਼ਾਹ ਲੈਣ ਦਾ ਹੱਕ) ) ਇਸ ਵੈੱਬਸਾਈਟ 'ਤੇ ਪੜ੍ਹੇ ਜਾ ਸਕਦੇ ਹਨ - *www.dti.gov.uk/er/paternity.htm*, ਜਾਂ ਡੀ ਟੀ ਆਈ ਪਬਲੀਕੇਸ਼ਨਜ਼ ਆਰਡਰਲਾਈਨ (DTI Publications Orderline) ਤੋਂ ਮੰਗਵਾਇਆ ਜਾ ਸਕਦਾ ਹੈ। (ਰਾਬਤਾ ਕਰਨ ਬਾਲੇ ਜਾਣਕਾਰੀ 'ਵਧੇਰੇ ਜਾਣਕਾਰੀ' ਵਾਲੇ ਹਿੱਸੇ ਵਿਚ ਦਿੱਤੀ ਗਈ ਹੈ)।
ਨੌਕਰੀ ਦੇ ਸੰਬੰਧਾਂ ਬਾਰੇ ਹੋਰ ਜਾਣਕਾਰੀ ਲੈਣ ਲਈ ਇਹ ਵੈੱਬਸਾਈਟ ਪੜ੍ਹੋ - *www.dti.gov.uk/er*.

**ਫ਼ਰਵਰੀ 2003**

# ਪੈਟਰਨਿਟੀ ਲੀਵ (ਬੱਚੇ ਦੇ ਪਿਤਾ ਲਈ ਛੁੱਟੀ) ਅਤੇ ਤਨਖ਼ਾਹ

ਬੱਚੇ ਦੇ ਜਨਮ ਤੋਂ ਬਾਅਦ ਹੱਕਦਾਰ ਕਰਮਚਾਰੀਆਂ ਨੂੰ ਤਨਖ਼ਾਹ ਸਮੇਤ ਪੈਟਰਨਿਟੀ ਲੀਵ ਲੈਣ ਦਾ ਹੱਕ ਹੋਏਗਾ ਤਾਕਿ ਉਹ ਆਪਣੇ ਬੱਚੇ ਦੀ ਅਤੇ ਬੱਚੇ ਦੀ ਮਾਂ ਦੀ ਮਦਦ ਕਰ ਸਕਣ।

## ਸ਼ੁਰੂ ਹੋਣ ਦੀਆਂ ਤਾਰੀਖ਼ਾਂ

ਜਿਹੜੇ ਕਰਮਚਾਰੀਆਂ ਦੇ ਬੱਚਿਆਂ ਦਾ ਜਨਮ 6 ਅਪ੍ਰੈਲ 2003 ਤੋਂ ਬਾਅਦ ਹੋਵੇ ਜਾਂ ਹੋਣਾ ਹੋਵੇ, ਉਹਨਾਂ ਨੂੰ ਪੈਟਰਨਿਟੀ ਲੀਵ ਅਤੇ ਤਨਖ਼ਾਹ ਲੈਣ ਦਾ ਹੱਕ ਹੋਏਗਾ।

ਜਿਹੜੇ ਕਰਮਚਾਰੀਆਂ ਦੇ ਬੱਚਿਆਂ ਦਾ ਜਨਮ 6 ਅਪ੍ਰੈਲ 2003 ਤੋਂ ਬਾਅਦ ਹੋਣ ਦੀ ਆਸ ਹੈ, ਉਹਨਾਂ ਨੂੰ ਪੈਟਰਨਿਟੀ ਲੀਵ ਅਤੇ ਤਨਖ਼ਾਹ ਲੈਣ ਦਾ ਹੱਕ ਹੋਏਗਾ ਭਾਵੇਂ ਉਹਨਾਂ ਦੇ ਬੱਚਿਆਂ ਦਾ ਜਨਮ ਉਮੀਦ ਵਾਲੀ ਤਾਰੀਖ਼ ਤੋਂ ਪਹਿਲਾਂ ਹੋ ਜਾਏ।

ਜਿਹੜੇ ਕਰਮਚਾਰੀਆਂ ਦੇ ਬੱਚਿਆਂ ਦਾ ਜਨਮ 6 ਅਪ੍ਰੈਲ 2003 ਤੋਂ ਪਹਿਲਾਂ ਹੋਣ ਦੀ ਆਸ ਹੋਵੇ, ਪਰ ਉਹਨਾਂ ਦੇ ਬੱਚਿਆਂ ਦਾ ਜਨਮ ਆਸ ਵਾਲੀ ਤਾਰੀਖ਼ ਤੋਂ ਮਗਰੋਂ ਹੋਵੇ, ਉਹ ਪੈਟਰਨਿਟੀ ਲੀਵ ਅਤੇ ਤਨਖ਼ਾਹ ਲੈ ਸਕਦੇ ਹਨ (ਖ਼ਾਸ ਨੋਟਿਸ ਦੇ ਪ੍ਰਬੰਧ ਲਾਗੂ ਹੁੰਦੇ ਹਨ)।

## ਹੱਕਦਾਰ ਹੋਣਾ

ਪੈਟਰਨਿਟੀ ਲੀਵ ਦੇ ਯੋਗ ਹੋਣ ਲਈ ਜ਼ਰੂਰੀ ਹੈ ਕਿ ਕਰਮਚਾਰੀ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਨ -

- ਬੱਚੇ ਦਾ ਪਾਲਣ ਕਰਨਾ ਉਹਨਾਂ ਦੀ ਜ਼ਿੰਮੇਦਾਰੀ ਹੋਵੇ, ਜਾਂ ਇਹ ਜ਼ਿੰਮੇਦਾਰੀ ਹੋਣ ਦੀ ਆਸ ਹੋਵੇ

- ਉਹ ਬੱਚੇ ਦਾ ਕੁਦਰਤੀ ਪਿਤਾ ਹੋਵੇ ਜਾਂ ਬੱਚੇ ਦੀ ਮਾਂ ਦਾ ਪਤੀ ਜਾਂ ਸਾਥੀ ਹੋਵੇ

- ਉਹਨੇ ਬੱਚੇ ਦਾ ਜਨਮ ਹੋਣ ਤੋਂ ਪਹਿਲਾਂ ਪੰਦਰਾਂ ਹਫ਼ਤਿਆਂ ਦਾ ਸਮਾਂ ਪੂਰਾ ਹੋਣ ਤਕ ਆਪਣੇ ਕੰਮ ਦੇ ਮਾਲਿਕ ਲਈ ਲਗਾਤਾਰ 26 ਹਫ਼ਤੇ ਕੰਮ ਕੀਤਾ ਹੋਵੇ

ਹੱਕਦਾਰ ਹੋਣ ਦੀਆਂ ਇਹ ਸ਼ਰਤਾਂ ਪੂਰੀਆਂ ਕਰਨ ਬਾਰੇ ਨੌਕਰੀ ਦੇਣ ਵਾਲੇ ਆਪਣੇ ਕਰਮਚਾਰੀ ਨੂੰ ਸੈਲਫ਼-ਸਰਟੀਫ਼ਿਕੇਟ (ਖ਼ੁਦ ਆਪਣਾ ਸਰਟੀਫ਼ਿਕੇਟ) ਦੇਣ ਲਈ ਆਖ਼ ਸਕਦੇ ਹਨ।

## ਪੈਟਰਨਿਟੀ ਲੀਵ ਦੀ ਲੰਬਾਈ

ਹੱਕਦਾਰ ਕਰਮਚਾਰੀ ਜਾਂ ਇਕ ਹਫ਼ਤੇ ਦੀ ਜਾਂ ਲਗਾਤਾਰ ਦੋ ਹਫ਼ਤਿਆਂ ਦੀ ਪੈਟਰਨਿਟੀ ਲੀਵ ਚੁਣ ਸਕਦੇ ਹਨ (ਕਦੇ ਕਦਾਈ ਇਕ ਅੱਧੇ ਦਿਨ ਦੀ ਨਹੀਂ)।

ਉਹ ਆਪਣੀ ਪੈਟਰਨਿਵੀ ਲੀਵ ਇਹਨਾਂ ਵਿਚੋਂ ਕਿਸੇ ਦਿਨ ਸ਼ੁਰੂ ਕਰ ਸਕਦੇ ਹਨ -

- ਬੱਚੇ ਦੇ ਜਾਨਮ ਦੀ ਤਾਰੀਖ਼ ਤੋਂ (ਭਾਵੇਂ ਇਹ ਉਮੀਦ ਵਾਲੀ ਤਾਰੀਖ਼ ਤੋਂ ਪਹਿਲਾਂ ਹੋਵੇ ਜਾਂ ਬਾਅਦ), ਜਾਂ

- ਬੱਚੇ ਦੇ ਜਨਮ ਤੋਂ ਬਾਅਦ ਚੁਣੇ ਹੋਏ ਦਿਨਾਂ ਜਾਂ ਹਫ਼ਤਿਆਂ ਵਿਚ (ਭਾਵੇਂ ਬੱਚੇ ਦਾ ਜਨਮ ਉਮੀਦ ਵਾਲੀ ਤਾਰੀਖ਼ ਤੋਂ ਪਹਿਲਾਂ ਜਾਂ ਬਾਅਦ ਹੋਵੇ), ਜਾਂ

- ਜਿਸ ਹਫ਼ਤੇ ਬੱਚੇ ਦਾ ਜਨਮ ਹੋਣ ਦੀ ਆਸ ਹੈ ਉਹਦੇ ਪਹਿਲੇ ਮਗਰੋਂ ਕਿਸੇ ਚੁਣੀ ਹੋਈ ਤਾਰੀਖ਼ ਤੋਂ

ਇਹ ਛੁੱਟੀ ਬੱਚੇ ਦੇ ਜਨਮ ਤੋਂ ਬਾਅਦ ਕਿਸੇ ਹਫ਼ਤੇ ਵੀ ਸ਼ੁਰੂ ਹੋ ਸਕਦੀ ਹੈ, ਪਰ ਲਾਜ਼ਮੀ ਤੌਰ 'ਤੇ ਹੇਠ ਲਿਖੇ ਸਮਿਆਂ ਵਿਚੋਂ ਕਿਸੇ ਵਿਚ ਪੂਰੀ ਹੋਣੀ ਚਾਹੀਦੀ ਹੈ -

- ਬੱਚੇ ਦੀ ਅਸਲ ਜਨਮ ਤਾਰੀਖ਼ ਤੋਂ ਬਾਅਦ 56 ਦਿਨਾਂ ਦੇ ਅੰਦਰ, ਜਾਂ

- ਜੇ ਬੱਚੇ ਦਾ ਜਨਮ ਸਹੀ ਸਮੇਂ ਤੋਂ ਪਹਿਲਾਂ ਹੋ ਜਾਏ, ਤਾਂ ਉਮੀਦ ਵਾਲੀ ਤਾਰੀਖ਼ ਵਾਲੇ ਹਤੇ ਤੋਂ ਦੇ ਪਹਿਲੇ ਦਿਨ ਤੋਂ ਬਾਅਦ 56 ਦਿਨਾਂ ਤਕ।

ਜੇ ਇਕ ਗਰਭ ਤੋਂ ਇਕ ਤੋਂ ਵੱਧ ਬੱਚੇ ਪੈਦਾ ਹੋ ਜਾਣ ਤਦ ਵੀ ਕਰਮਚਾਰੀ ਨੂੰ ਛੁੱਟੀ ਇਕੋ ਵਾਰ ਮਿਲੇਗੀ।

**ਸਟੈਚਿਊਟਰੀ ਪੈਟਰਨਿਟੀ ਪੇਅ (ਬੱਚੇ ਦੇ ਪਿਤਾ ਲਈ ਕਾਨੂੰਨੀ ਤਨਖ਼ਾਹ)**

ਪੈਟਰਨਿਟੀ ਲੀਵ ਦੌਰਾਨ, ਜ਼ਿਆਦਾਤਰ ਕਰਮਚਾਰੀਆਂ ਨੂੰ ਆਪਣੇ ਕੰਮ ਦੇ ਮਾਲਿਕਾਂ ਤੋਂ ਸਟੈਚਿਊਟਰੀ ਪੈਟਰਨਿਟੀ ਪੇਅ (ਐੱਸ ਪੀ ਪੀ) ਲੈਣ ਦਾ ਹੱਕ ਹੁੰਦਾ ਹੈ।

ਸਟੈਚਿਊਟਰੀ ਪੈਟਰਨਿਟੀ ਪੇਅ ਕਰਮਚਾਰੀ ਦੀ ਚੋਣ ਅਨੁਸਾਰ ਲਗਾਤਾਰ 1 ਹਫ਼ਤਾ ਜਾਂ 2 ਹਫ਼ਤੇ ਮਿਲਦੀ ਹੈ। ਸਟੈਚਿਊਟਰੀ ਪੈਟਰਨਿਟੀ ਪੇਅ ਦਾ ਰੇਟ ਸਟੈਂਡਰਡ ਮੈਟਰਨਿਟੀ ਪੇਅ (ਜਣੇਪਾ ਤਨਖ਼ਾਹ) ਜਿੰਨਾ ਹੀ ਹੈ - ਅਪ੍ਰੈਲ 2003 ਤੋਂ, ਇਹ ਰੇਟ £100 ਫ਼ੀ ਹਫ਼ਤਾ ਜਾਂ ਹਫ਼ਤੇ ਦੀ ਔਸਤ ਆਮਦਨ ਦਾ 90% ਹੋਏਗਾ ਜੇ ਇਹ ਆਮਦਨ £100 ਤੋਂ ਘੱਟ ਹੈ।

ਪੈਟਰਨਿਟੀ ਪੇਅ ਦਾ ਜਿਹੜਾ ਸਮਾਂ 6 ਅਪ੍ਰੈਲ 2003 ਤੋਂ ਪਹਿਲਾਂ ਸ਼ੁਰੂ ਹੋਵੇ, ਉਹਦੇ ਵਿਚ ਇਹ ਰੇਟ ਅਪ੍ਰੈਲ 2002 ਤੋਂ ਸ਼ੁਰੂ ਵਾਲੇ ਮੈਟਰਨਿਟੀ ਪੇਅ ਜਿੰਨਾ ਹੋਏਗਾ - ਯਾਨੀ £75 ਫ਼ੀ ਹਫ਼ਤਾ।

ਜਿਹਨਾਂ ਕਰਮਚਾਰੀਆਂ ਦੀ ਹਫ਼ਤੇ ਦੀ ਕਮਾਈ ਨੈਸ਼ਨਲ ਇੰਨਸ਼ੋਰੈਂਸ ਦੇ ਮੰਤਵ ਲਈ ਲੋਅਰ ਅਰਨਿੰਗਜ਼ ਲਿਮਟ (ਘੱਟ ਕਮਾਈ ਦੀ ਹੱਦ) ਤੋਂ ਘੱਟ ਹੋਵੇ (ਜੋ ਅਪ੍ਰੈਲ 2002 ਤੋਂ £75 ਫ਼ੀ ਹਫ਼ਤਾ ਹੈ), ਉਹ ਸਟੈਚਿਊਟਰੀ ਪੈਟਰਨਿਟੀ ਪੇਅ ਦੇ ਹੱਕਦਾਰ ਨਹੀਂ ਹਨ। ਜਿਹੜੇ ਕਰਮਚਾਰੀ ਸਟੈਚਿਊਟਰੀ ਪੈਟਰਨਿਟੀ ਪੇਅ ਦੇ ਹੱਕਦਾਰ ਨਹੀਂ, ਜਾਂ ਜਿਹਨਾਂ ਨੂੰ ਓਮ ਤੌਰ 'ਤੇ ਘੱਟ ਤਨਖ਼ਾਹ ਮਿਲਦੀ ਹੈ, ਉਹਨਾਂ ਨੂੰ ਪੈਟਰਨਿਟੀ ਲੀਵ ਵੇਲੇ ਇਨਕਮ ਸੁਪੋਰਟ ਮਿਲ ਸਕਦੀ ਹੈ। ਹੋਰ ਮਦਦ ਹਾਉਜ਼ਿੰਗ ਬੈਨੀਫ਼ਿਟ, ਕਾਉਂਸਿਲ ਟੈਕਸ ਬੈਨੀਫ਼ਿਟ, ਟੈਕਸ ਕ੍ਰੈਡਿਟਾਂ ਜਾਂ ਸ਼ਿਉਰ ਸਟਾਰਟ ਮੈਟਰਨਿਟੀ ਗਰਾਂਟਾਂ ਰਾਹੀਂ ਵੀ ਮਿਲ ਸਕਦੀ ਹੈ। ਵਧੇਰੇ ਜਾਣਕਾਰੀ ਜੌਬ ਸੈਂਟਰ ਪਲੱਸ ਆਫ਼ਿਸ ਜਾਂ ਸੋਸ਼ਲ ਸੈਕਿਊਰਿਟੀ ਆਫ਼ਿਸ ਤੋਂ ਮਿਲ ਸਕਦੀ ਹੈ।

**ਪੈਟਰਨਿਟੀ ਲੀਵ ਲੈਣ ਦੇ ਇਰਾਦੇ ਬਾਰੇ ਨੋਟਿਸ ਦੇਣਾ**

ਕਰਮਚਾਰੀਆਂ ਲਈ ਜ਼ਰੂਰੀ ਹੈ ਕਿ ਉਹ ਬੱਚੇ ਦੇ ਜਨਮ ਦੀ ਉਮੀਦ ਵਾਲੇ ਹਫ਼ਤੇ ਤੋਂ ਪਹਿਲਾਂ ਦੇ ਪੰਦਰਵੇਂ ਹਫ਼ਤੇ ਦੇ ਖ਼ਤਮ ਹੋਣ ਤਕ ਪੇਟਰਨਿਟੀ ਲੀਵ ਲੈਣ ਦੇ ਇਰਾਦੇ ਬਾਰੇ ਕੰਮ ਦੇ ਮਾਲਿਕਾਂ ਨੂੰ ਨੋਟਿਸ ਦੇਣ, ਪਰ ਉਸ ਹਾਲਤ ਵਿਚ ਨਹੀਂ ਜੇ ਅਜਿਹਾ ਨਾ ਕਰ ਸਕਣ ਦਾ ਕੋਈ ਜਾਇਜ਼ ਕਾਰਨ ਹੋਵੇ। ਉਹਨਾਂ ਲਈ ਜ਼ਰੂਰੀ ਹੈ ਕਿ ਉਹ ਕੰਮ ਦੇ ਮਾਲਿਕਾਂ ਨੂੰ ਇਹ ਗੱਲਾਂ ਦੱਸਣ -

- ਕਿਸ ਹਫ਼ਤੇ ਬੱਚੇ ਦਾ ਜਨਮ ਹੋਣ ਦੀ ਆਸ ਹੈ
- ਕੀ ਉਹ 1 ਹਫ਼ਤੇ ਦੀ ਜਾਂ 2 ਹਫ਼ਤਿਆਂ ਦੀ ਛੁੱਟੀ ਲੈਣਾ ਚਾਹੁੰਦੇ ਹਨ
- ਉਹ ਛੁੱਟੀ ਕਦ ਸ਼ੁਰੂ ਕਰਨਾ ਚਾਹੁੰਦੇ ਹਨ

ਕਰਮਚਾਰੀ ਇਹ ਛੁੱਟੀ ਸ਼ੁਰੂ ਹੋਣ ਦੀ ਤਾਰੀਖ਼ ਦੇ ਬਾਰੇ ਆਪਣਾ ਇਰਦਾ ਬਦਲ ਸਕਦੇ ਹਨ, ਬਸ਼ਰਤਿ ਉਹ ਆਪਣੇ ਕੰਮ ਦੇ ਮਾਲਕਾਂ ਨੂੰ ਘੱਟੋ ਘੱਟ 28 ਦਿਨ ਪਹਿਲਾਂ ਦੱਸ ਦੇਣ (ਪਰ ਤਦ ਨਹੀਂ ਜੇ ਅਜਿਹਾ ਨਾ ਕਰ ਸਕਣ ਦਾ ਕੋਈ ਜਾਇਜ਼ ਕਾਰਨ ਹੋਵੇ)। ਕਰਮਚਾਰੀਆਂ ਲਈ ਜ਼ਰੂਰੀ ਹੈ ਕਿ ਉਹ ਕੰਮ ਦੇ ਮਾਲਕਾਂ ਨੂੰ ਘੱਟੋ ਘੱਟ 28 ਦਿਨ ਪਹਿਲਾਂ ਦੱਸਣ ਕਿ ਕਿ ਉਹ ਸਟੈਚਿਊਟਰੀ ਪੈਟਰਨਿਟੀ ਪੇਅ ਮਿਲਣ ਸ਼ੁਰੂ ਹੋਣ ਦੀ ਉਮੀਦ ਕਰ ਰੱਖਦੇ ਹਨ, ਪਰ ਤਦ ਨਹੀਂ ਜੇ ਅਜਿਹਾ ਨਾ ਕਰ ਸਕਣ ਦਾ ਕੋਈ ਜਾਇਜ਼ ਕਾਰਨ ਹੋਵੇ।

**ਸੈਲਫ਼ ਸਰਟੀਫ਼ਿਕੇਟ**

ਕਰਮਚਾਰੀਆਂ ਨੂੰ ਲਾਜ਼ਮੀ ਤੌਰ 'ਤੇ ਸੈਲਫ਼-ਸਰਟੀਫ਼ਿਕੇਟ ਦੇਣਾ ਚਾਹੀਦਾ ਹੈ ਕਿ ਉਹ ਪੈਟਰਨਿਟੀ ਲੀਵ ਦੇ ਹੱਕਦਾਰ ਹਨ। ਕੰਮ ਦੇ ਮਾਲਿਕਾਂ ਅਤੇ ਕਰਮਚਾਰੀਆਂ ਦੀ ਵਰਤੋਂ ਲਈ (ਜੇ ਉਹ ਚਾਹੁਣ ਤਾਂ) ਸੈਲਫ਼-ਸਰਟੀਫ਼ਿਕੇਟ ਦਾ ਨਮੂਨਾ ਕਿਤਾਬਚੇ *Working fathers – rights to leave and* pay (PL 517) (ਕੰਮ ਕਰਨ ਵਾਲੇ ਪਿਤਾ - ਛੁੱਟੀ ਅਤੇ ਤਨਖ਼ਾਹ ਲੈਣ ਦਾ ਹੱਕ) ) ਇਸ ਵੈੱਬਸਾਈਟ 'ਤੇ ਪੜ੍ਹੇ ਜਾ ਸਕਦੇ ਹਨ -

*www.dti.gov.uk/er/paternity.htm*, ਜਾਂ ਡੀ ਟੀ ਆਈ ਪਬਲੀਕੇਸ਼ਨਜ਼ ਆਰਡਰਲਾਈਨ (DTI Publications Orderline) ਤੋਂ ਮੰਗਵਾਇਆ ਜਾ ਸਕਦਾ ਹੈ। (ਰਾਬਤਾ ਕਰਨ ਬਾਲੇ ਜਾਣਕਾਰੀ 'ਵਧੇਰੇ ਜਾਣਕਾਰੀ' ਵਾਲੇ ਹਿੱਸੇ ਵਿਚ ਦਿੱਤੀ ਗਈ ਹੈ)। ਨੌਕਰੀ ਦੇਣ ਵਾਲੇ ਵੀ ਕਰਮਚਾਰੀ ਦੇ ਸਟੈਚਿਊਟਰੀ ਪੈਟਰਨਿਟੀ ਪੇਅ ਹੱਕਦਾਰ ਹੋਣ ਦਾ ਸੈਲਫ਼-ਸਰਟੀਫ਼ਿਕੇਟ ਵੀ ਮੰਗ ਸਕਦੇ ਹਨ। ਇਸ ਸੈਲਫ਼-ਸਟੀਫ਼ਿਕੇਟ ਵਿਚ ਇਹ ਬਿਆਨ ਸ਼ਾਮਿਲ ਹੋਣਾ ਜ਼ਰੂਰੀ ਹੈ ਕਿ ਕਰਮਚਾਰੀ ਹੱਕਦਾਰ ਹੋਣ ਦੀਆਂ ਕੁਝ ਸ਼ਰਤਾਂ ਪੂਰੀਆਂ ਕਰਦਾ ਹੈ, ਅਤੇ ਨੋਟਿਸ ਦੀਆਂ ਉੱਪਰ ਦੱਸੀਆਂ ਲੋੜਾਂ ਅਨੁਸਾਰ ਨਿਸ਼ਚਿਤ ਜਾਣਕਾਰੀ ਦੇਣਾ ਵੀ ਲਾਜ਼ਮੀ ਹੈ।

ਭਰਿਆ ਹੋਇਆ ਸੈਲਫ਼ ਸਰਟੀਫ਼ਿਕੇਟ ਦੇ ਕੇ, ਕਰਮਚਾਰੀ ਨੋਟਿਸ ਦੀਆਂ ਸ਼ਰਤਾਂ ਅਤੇ ਪੈਟਰਨਿਟੀ ਲੀਵ ਅਤੇ ਤਨਖ਼ਾਹ ਦੇ ਹੱਕਦਾਰ ਹੋਣ ਦੀ ਸ਼ਰਤ ਵੀ ਪੂਰੀ ਕਰੇਗਾ। ਕੰਮ ਦੇ ਮਾਲਕਾਂ ਤੋਂ ਆਸ ਨਹੀਂ ਰੱਖੀ ਜਾਂਦੀ ਕਿ ਉਹ ਅੱਗੋਮ ਹੋਰ ਜਾਂਚ ਪੜਤਾਲ ਕਰਨ।

**ਨੌਕਰੀ ਦੇ ਕਾਂਟ੍ਰੈਕਟ ਤੋਂ ਫ਼ਾਇਦੇ**

ਪੈਟਰਨਿਟੀ ਲੀਵ ਦੇ ਪੂਰੇ ਸਮੇਂ ਦੌਰਾਨ ਕਰਮਚਾਰੀਆਂ ਨੂੰ ਆਪਣੀ ਨੌਕਰੀ ਜਾਂ ਤਨਖ਼ਾਹ ਦੀਆਂ ਸ਼ਰਤਾਂ ਨੂੰ ਛੱਡ ਕੇ ਨੌਕਰੀ ਹੋਰ ਦੀਆਂ ਸ਼ਰਤਾਂ ਤੋਂ ਮਿਲਣ ਵਾਲੇ ਫ਼ਾਇਦੇ ਲੈਣ ਦਾ ਹੱਕ ਹੈ (ਪਰ ਤਦ ਨਹੀਂ ਜੇ ਨੌਕਰੀ ਦਾ ਕਾਂਟ੍ਰੈਕਟ ਇਹਦੇ ਉਲਟ ਹੋਵੇ)। ਪਰ ਜ਼ਿਆਦਾਤਰ ਕਰਮਚਾਰੀ ਇਸ ਮੇਂ ਦੌਰਾਨ ਸਟੈਚਿਊਟਰੀ ਪੈਟਰਨਿਟੀ ਪੇਅ ਦੇ ਹੱਕਦਾਰ ਹੋਣਗੇ। ਜੇ ਕਿਸੇ ਕਰਮਚਾਰੀ ਨੂੰ ਪੈਟਰਨਿਟੀ ਲੀਵ ਲੈਣ ਦਾ ਹੱਕ ਨੌਕਰੀ ਦੇ ਕਾਂਟ੍ਰੈਕਟ ਵਿਚ ਮਿਲਿਆ ਹੋਵੇ, ਤਾਂ ਉਹ ਦੋਹਾਂ ਵਿਚ ਵੱਧ ਫ਼ਾਇਦੇਮੰਦ ਚੀਜ਼ ਦੀ ਚੋਣ ਕਰ ਸਕਦਾ/ਸਕਦੀ ਹੈ। ਜੇ ਕਾਂਟ੍ਰੈਕਟ ਵਿਚ ਪੈਟਰਨਿਟੀ ਪੇਅ ਦਾ ਹੱਕ ਹੋਵੇ ਤਾਂ ਇਹਦੇ ਕਾਰਨ ਉਹਨੂੰ ਮਿਲ ਸਕਣ ਵਾਲੀ ਸਟੈਚਿਊਟਰੀ ਪੈਟਰਨਿਟੀ ਪੇਅ ਦੇ ਪੈਸੇ ਘਟ ਜਾਣਗੇ।

**ਪੈਟਰਨਿਟੀ ਲੀਵ ਤੋਂ ਬਾਅਦ ਕੰਮ 'ਤੇ ਵਾਪਸ ਆਉਣਾ**

ਪੈਟਰਨਿਟੀ ਲੀਵ ਤੋਂ ਬਾਅਦ ਕਰਮਚਾਰੀਆਂ ਨੂੰ ਪਹਿਲਾਂ ਵਾਲੀ ਨੌਕਰੀ 'ਤੇ ਵਾਪਸ ਆਉਣ ਦਾ ਹੱਕ ਹੈ।

**ਨੁਕਸਾਨ ਤੋਂ ਅਤੇ ਨੌਕਰੀ ਤੋਂ ਕੱਢੇ ਜਾਣ ਤੋਂ ਬਚਾਓ**

ਪੈਟਰਨਿਟੀ ਲੀਵ ਲੈਣ ਕਾਰਨ ਜਾਂ ਲੈਣ ਦੀ ਕੋਸ਼ਿਸ਼ ਕਰਨ ਕਾਰਨ ਕਰਮਚਾਰੀਆਂ ਦਾ ਅਨਿਆਂਪੂਰਨ ਵਤੀਰੇ ਤੋਂ ਅਤੇ ਨੌਕਰੀ ਤੋਂ ਕੱਢੇ ਜਾਣ ਤੋਂ ਬਚਾਓ ਹੁੰਦਾ ਹੈ। ਜਿਹੜੇ ਕਰਮਚਾਰੀ ਇਹ ਸਮਝਣ ਕਿ ਉਹਨਾਂ ਨਾਲ ਅਨਿਆਂਪੂਰਨ ਵਤੀਰਾ ਹੋਇਆ ਹੈ, ਉਹ ਐਂਪਲਾਇਮੈਂਟ ਟ੍ਰਿਬਿਊਨਲ ਕੋਲ ਸ਼ਿਕਾਇਤ ਕਰ ਸਕਦੇ ਹਨ।

**ਨੌਕਰੀ ਦੇਣ ਵਾਲੇ ਇਸ ਪੈਸੇ ਵਾਪਸ ਲੈ ਸਕਦੇ ਹਨ**

ਨੌਕਰੀ ਦੇਣ ਵਾਲੇ ਸਟੈਚਿਊਟਰੀ ਪੈਟਰਨਿਟੀ ਪੇਅ ਦੇ ਪੈਸੇ ਉਸੇ ਢੰਗ ਨਾਲ ਵਾਪਸ ਲੈ ਸਕਦੇ ਹਨ ਜਿਸ ਢੰਗ ਨਾਲ ਉਹ ਸਟੈਚਿਊਟਰੀ ਮੈਟਰਨਿਟੀ ਪੇਅ ਦੇ ਪੈਸੇ ਵਾਪਸ ਲੈਂਦੇ ਹਨ। ਨੌਕਰੀ ਦੇਣ ਵਾਲੇ ਦਿ,ਤੇ ਗਏ ਪੈਸਿਆਂ ਦਾ 92% ਹਿੱਸਾ ਵਾਪਸ ਲੈ ਸਕਦੇ ਹਨ, ਅਤੇ ਜਿਹਨਾਂ ਨੂੰ ਸਮਾਲ ਐਂਪਲਾਇਰਜ਼ ਰੀਲੀਫ਼ (ਛੋਟੇ ਰੁਜ਼ਗਾਰਦਾਤਿਆਂ ਨੂੰ ਮਿਲਣ ਵਾਲੀ ਰਿਆਇਤ) ਲੈਣ ਦਾ ਹੱਕ ਹੈ, ਉਹ 100% ਵਾਪਸ ਲੈ ਸਕਦੇ ਹਨ ਅਤੇ ਨਾਲ ਹੀ ਦਿੱਤੀ ਗਈ ਸਟੈਚਿਊਟਰੀ ਪੈਟਰਨਿਟੀ ਪੇਅ 'ਤੇ ਰੁਜ਼ਗਾਰਦਾਤੇ ਵਲੋਂ ਦਿੱਤੀ ਨੈਸ਼ਨਲ ਇੰਨਸ਼ੋਅਰੈਂਸ ਦੇ ਪੈਸੇ ਵੀ।

ਇਹਦੇ ਨਾਲ ਨਾਲ, ਜਿਹੜੇ ਰੁਜ਼ਗਾਰਦਾਤਿਆਂ ਨੂੰ ਲੋੜ ਹੋਵੇ ਉਹ ਸਟੈਚਿਊਟਰੀ ਪੈਟਰਨਿਟੀ ਪੇਅ ਦੇਣ ਲਈ ਇੰਨਲੈਂਡ ਰੈਵਿਨਿਊ ਤੋਂ ਪੈਸੇ ਪੇਸ਼ਗੀ ਵੀ ਲੈ ਸਕਦੇ ਹਨ।

<u>ਪਰਿਵਾਰ ਦੀ ਭਲਾਈ ਲਈ ਹੋਰ ਹੱਕ</u>

**ਲੋੜ ਅਨੁਸਾਰ ਬਦਲੇ ਜਾ ਸਕਣ ਵਾਲੇ ਕੰਮ ਦੇ ਘੰਟਿਆਂ ਲਈ ਅਰਜ਼ੀ ਦੇਣ ਦਾ ਹੱਕ**

ਛੋਟੇ ਅਤੇ ਨਿਰਯੋਗ ਬੱਚਿਆਂ ਦੇ ਮਾਪਿਆਂ ਦਾ ਲੋੜ ਅਨੁਸਾਰ ਬਦਲਿਆ ਜਾ ਸਕਣਾ ਵਾਲਾ ਕੰਮ ਕਰਨਾ ਇਹ ਹੱਕ ਬਣਾਇਆ ਜਾ ਰਿਹਾ ਹੈ। 6 ਅਪ੍ਰੈਲ 2003 ਤੋਂ, ਛੇ ਸਾਲ ਤੋਂ ਘੱਟ ਉਮਰ ਦੇ ਅਤੇ ਅਠਾਰਾਂ ਸਾਲ ਤੋਂ ਘੱਟ ਉਮਰ ਦੇ ਨਿਰਯੋਗ ਬੱਚਿਆਂ ਦੇ ਮਾਪਿਆਂ ਨੂੰ ਹੱਕ ਹੋਏਗਾ ਕਿ ਉਹ ਲਚਕਦਾਰ ਢੰਗ

ਨਾਲ ਕੰਮ ਕਰਨ ਲਈ ਅਰਜ਼ੀ ਦੇ ਸਕਣ। ਉਹਨਾਂ ਨੂੰ ਨੌਕਰੀ ਦੇਣ ਵਾਲਿਆਂ ਦਾ ਇਹ ਫ਼ਰਜ਼ ਹੋਏਗਾ ਕਿ ਉਹ ਇਹਨਾਂ ਅਰਜ਼ੀਆਂ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ।

ਪਰਚਾ *Flexible working: The right to request and the duty to consider: Guidance for employers and employees* (PL520) ਇਸ ਇੰਟਰਨੈੱਟ ਸਾਈਟ 'ਤੇ ਪੜ੍ਹਿਆ ਜਾ ਸਕਦਾ ਹੈ - *www.dti.gov.uk/er/individual-pl516.htm* ਜਾਂ ਡੀ ਟੀ ਆਈ ਪਬਲੀਕੇਸ਼ਨਜ਼ ਆਰਡਰਲਾਈਨ (DTI Publications Orderline) ਤੋਂ ਵੀ ਮੰਗਵਾਇਆ ਜਾ ਸਕਦਾ ਹੈ। (ਹੋਰ ਜਾਣਕਾਰੀ ਅੱਗੇ 'ਵਧੇਰੇ ਜਾਣਾਕਰੀ' ਵਾਲੇ ਹਿੱਸੇ ਵਿਚ ਦਿੱਤੀ ਗਈ ਹੈ)।

**ਮੈਟਰਨਿਰੀ ਰਾਈਟਸ (ਜਣੇਪੇ ਨਾਲ ਸੰਬੰਧਤ ਹੱਕਾਂ) ਵਿਚ ਤਬਦੀਲੀਆਂ**

ਮੌਜੂਦਾ ਮੈਟਰਨਿਟੀ ਰਾਈਟਸ ਨੂੰ ਬਦਲਿਆ ਜਾ ਰਿਹਾ ਹੈ ਅਤੇ ਜਣੇਪਾ ਛੁੱਟੀ ਨੂੰ ਅਤੇ ਮੈਟਰਨਿਟੀ ਪੇਅ (ਜਣੇਪਾ ਤਨਖ਼ਾਹ) ਦੇ ਰੇਟ ਵਧਾਇਆ ਜਾ ਰਿਹਾ ਹੈ। ਜਿਹਨਾਂ ਔਰਤਾਂ ਦੇ ਬੱਚੇ ਦੀ ਜਨਮ ਤਾਰੀਖ਼ 6 ਅਪ੍ਰੈਲ 2003 ਤੋਂ ਬਾਅਦ ਆਉਣ ਦੀ ਆਸ ਹੈ ਉਹ ਮੈਟਰਨਿਟੀ ਛੁੱਟੀ ਅਤੇ ਮੈਯਰਨਿਟੀ ਪੇਅ ਦੇ ਨਵੇਂ ਹੱਕਾਂ ਦਾ ਫ਼ਾਇਦਾ ਲੈ ਸਕਣਗੀਆਂ।

ਮੁੱਢਲੀ ਜਾਣਕਾਰੀ ਦੇਣ ਵਾਲਾ ਪਰਚਾ *Maternity leave -  changes* (PL507) ਅਤੇ ਪੁਰਾਣੇ ਅਤੇ ਨਵੇਂ ਜਣੇਪਾ ਹੱਕਾਂ ਬਾਰੇ ਜਾਣਾਰੀ ਦੇਣ ਵਾਲਾ ਪਰਚਾ *Maternity rights – a guide for employers and employees* (PL 958) ਦੋ ਰੂਪਾਂ ਵਿਚ ਵੈੱਬਸਾਈਟ *www.dti.gov.uk/er/maternity.htm* 'ਤੇ ਮਿਲ ਸਕਦਾ ਹੈ। ਇਹ ਪਰਚਾ ਡੀ ਟੀ ਆਈ ਪਬਲੀਕੇਸ਼ਨਜ਼ ਆਰਡਰਲਾਈਨ ਤੋਂ ਵੀ ਮੰਗਵਾਇਆ ਜਾ ਸਕਦਾ ਹੈ। (ਹੋਰ ਜਾਣਕਾਰੀ ਅੱਗੇ 'ਵਧੇਰੇ ਜਾਣਾਕਰੀ' ਵਾਲੇ ਹਿੱਸੇ ਵਿਚ ਦਿੱਤੀ ਗਈ ਹੈ)।

**ਬੱਚਾ ਗੋਦ ਲੈਣ ਵਾਲੇ ਮਾਪਿਆਂ ਲਈ ਤਨਖ਼ਾਹ ਸਮੇਤ ਛੁੱਟੀ ਲੈਣ ਦੇ ਹੱਕ**

ਬੱਚਾ ਗੋਦ ਲੈਣ ਵਾਲਿਆਂ ਲਈ ਤਨਖ਼ਾਹ ਸਮੇਤ ਛੁੱਟੀ ਲੈਣ ਦਾ ਹੱਕ ਸ਼ੁਰੂ ਕੀਤਾ ਜਾ ਰਿਹਾ ਹੈ। ਇਹ ਹੱਕ ਉਸ ਵਿਅਤਕੀ ਨੂੰ ਮਿਲੇਗਾ ਜੋ ਬੱਚਾ ਗੋਦ ਲਏ ਜਾਂ ਮਿਲ ਕੇ ਬੱਚਾ ਗੋਦ ਲੈਣ ਵਾਲੇ ਜੋੜੇ ਵਿਚੋਂ ਹੋਵੇ। ਜੋੜੇ ਦੇ ਦੂਸਰੇ ਮੈਂਬਰ ਨੂੰ, ਗੋਦ ਲੈਣ ਵਾਲੀ ਦੇ ਪਤੀ ਜਾਂ ਸਾਥੀ ਲਈ ਪੈਟਰਨਿਟੀ ਲੀਵ ਅਤੇ ਤਨਖ਼ਾਹ ਦਾ ਹੱਕ ਵੀ ਸ਼ੁਰੂ ਕੀਤਾ ਜਾ ਰਿਹਾ ਹੈ। ਜਿਹਨਾਂ ਕਰਮਚਾਰੀਆਂ ਦੇ ਬੱਚੇ ਉਹਨਾਂ ਕੋਲ 6 ਅਪ੍ਰੈਲ 2003 ਨੂੰ ਜਾਂ ਇਹਤੋਂ ਬਾਅਦ ਆਉਣਗੇ ਉਹਨਾਂ ਨੂੰ ਬੱਚਾ ਗੋਦ ਲੈਣ ਅਤੇ ਪੈਟਰਨਿਟੀ ਲੀਵ ਅਤੇ ਤਨਖ਼ਾਹ ਦੇ ਹੱਕਾਂ ਦਾ ਫ਼ਾਇਦਾ ਹੋਏਗਾ।

ਮੁੱਢਲੀ ਜਾਣਕਾਰੀ ਦੇਣ ਵਾਲਾ ਪਰਚਾ *Adoptive parents - rights to leave and pay* (PL515) ਇਸ ਵੈੱਬਸਾਈਟ 'ਤੇ ਪੜ੍ਹਿਆ ਜਾ ਸਕਦਾ ਹੈ, *www.dti.gov.uk/er/individual/adopt-pl515regs.htm* ਜਾਂ ਇਹ ਪਰਚਾ ਡੀ ਟੀ ਆਈ ਪਬਲੀਕੇਸ਼ਨਜ਼ ਆਰਡਰਲਾਈਨ ਤੋਂ ਵੀ ਮੰਗਵਾਇਆ ਜਾ ਸਕਦਾ ਹੈ। (ਹੋਰ ਜਾਣਕਾਰੀ ਅੱਗੇ 'ਵਧੇਰੇ ਜਾਣਕਾਰੀ' ਵਾਲੇ ਹਿੱਸੇ ਵਿਚ ਦਿੱਤੀ ਗਈ ਹੈ)।

**ਪੇਰੈਂਟਲ ਲੀਵ (ਮਾਪਿਆਂ ਲਈ ਛੁੱਟੀ) ਅਤੇ ਨਿਰਭਰ ਲੋਕਾਂ ਲਈ ਕੰਮ ਤੋਂ ਸਮਾਂ ਕੱਢਣ ਦਾ ਹੱਕ**

ਕਰਮਚਾਰੀ - ਮਾਤਾ ਅਤੇ ਪਿਤਾ ਦੋਵੇਂ - ਜਿਹਨਾਂ ਨੇ ਇਕ ਸਾਲ ਕੰਮ ਕੀਤਾ ਹੋਵੇ ਉਹਨਾਂ ਨੂੰ ਆਪਣੇ ਬੱਚੇ ਦੀ ਦੇਖਭਾਲ ਲਈ (ਬਿਨਾਂ ਤਨਖ਼ਾਹ) 13 ਹਫ਼ਤਿਆਂ ਤਕ ਦੀ ਪੇਰੈਂਟਲ ਲੀਵ ਲੈਣ ਦਾ ਹੱਕ ਹੋਏਗਾ। ਪੇਰੈਂਟਲ ਲੀਵ ਬੱਚੇ ਦੇ ਜਨਮ ਦਿਨ ਤੋਂ ਬਾਅਦ 5 ਸਾਲਾਂ ਤਕ ਜਾਂ ਬੱਚਾ ਗੋਦ ਲੈਣ (ਜਾਂ 18-ਵੇਂ ਜਨਮ ਦਿਨ, ਜੇ ਇਹ ਪਹਿਲਾਂ ਆ ਜਾਏ) ਤੋਂ ਬਾਅਦ ਪੰਜ ਸਾਲਾਂ ਤਕ ਲਈ ਜਾ ਸਕਦੀ ਹੈ।

ਨਿਰਯੋਗ ਬੱਚਿਆਂ ਦੇ ਮਾਪੇ ਬੱਚੇ ਦੇ 18-ਵੇਂ ਜਨਮ ਦਿਨ ਤਕ 18 ਹਫ਼ਤਿਆਂ ਤਕ ਦੀ ਪੇਰੈਂਟਲ ਲੀਵ ਲੈ ਸਕਦੇ ਹਨ (ਪਹਿਲਾਂ ਇਹ 13 ਹਫ਼ਤੇ ਹੁੰਦੀ ਸੀ), ਬਸ਼ਰਤਿ ਉਹਨਾਂ ਨੇ ਇਹਦੇ ਹੱਕਦਾਰ ਹੋਣ ਜਿੰਨਾ ਸਮਾਂ ਕੰਮ ਕੀਤਾ ਹੋਏ।

ਸਾਰੇ ਕਰਮਚਾਰੀਆਂ ਨੂੰ ਕਿਸੇ ਨਿਰਭਰ ਵਿਅਕਤੀ ਨਾਲ ਵਾਪਰਨ ਵਾਲੀ ਹੰਗਾਮੀ ਹਾਲਤ ਜਾਂ ਅਚਾਨਕ ਵਾਪਰਨ ਵਾਲੀ ਘਟਨਾ ਨਾਲ ਨਿਪਟਣ ਲਈ ਕੰਮ ਤੋਂ (ਬਿਨਾਂ ਤਨਖ਼ਾਹ) ਸਮਾਂ ਕੱਢਣ ਦਾ ਹੱਕ ਹੈ।

ਇਹਨਾਂ ਹੱਕਾਂ ਬਾਰੇ ਪੂਰੀ ਜਾਣਕਾਰੀ *Parental leave* (PL509) ਅਤੇ *Time off for dependants* (URN 99/1186) ਵਿਚ ਦਿੱਤੀ ਹੋਈ ਹੈ ਜੋ ਵੈੱਬਸਾਈਟ *www.dti.gov.uk/er/regs.htm* 'ਤੇ ਪੜ੍ਹੇ ਜਾ ਸਕਦੇ ਹਨ ਜਾਂ ਜਾਂ ਇਹ ਪਰਚਾ ਡੀ ਟੀ ਆਈ ਪਬਲੀਕੇਸ਼ਨਜ਼ ਆਰਡਰਲਾਈਨ ਤੋਂ ਵੀ ਮੰਗਵਾਇਆ ਜਾ ਸਕਦਾ ਹੈ। (ਹੋਰ ਜਾਣਕਾਰੀ ਅੱਗੇ 'ਵਧੇਰੇ ਜਾਣਾਕਰੀ' ਵਾਲੇ ਹਿੱਸੇ ਵਿਚ ਦਿੱਤੀ ਗਈ ਹੈ)।

## ਵਧੇਰੇ ਜਾਣਕਾਰੀ

- ਕਰਮਚਾਰੀ ਅਤੇ ਨੌਕਰੀ ਦੇਣ ਵਾਲੇ ਡੀ ਟੀ ਆਈ ਦੀ ਵੈੱਬਸਾਈਟ (www.dti.gov.uk/er/review.htm) ਅਤੇ ਇਹਦੀ ਇੰਟਰਐਕਟਿਵ ਵੈੱਬਸਾਈਟ *(www.tiger.gov.uk)* ਤੋਂ ਪੈਟਰਨਿਟੀ ਅਤੇ ਮੈਟਰਨਿਟੀ ਲੀਵ ਅਤੇ ਪੇਅ ਦੇ ਹੱਕਦਾਰ ਹੋਣ ਬਾਰੇ ਪਤਾ ਕਰ ਸਕਦੇ ਹਨ।

- ਇਸ ਪਰਚੇ ਵਿਚ ਜਾਣਕਾਰੀ ਦੇਣ ਵਾਲੇ ਜਿਹਨਾਂ ਕਿਤਾਬਚਿਆਂ ਦਾ ਜ਼ਿਕਰ ਕੀਤਾ ਗਿਆ ਹੈ, ਉਹ ਡੀ ਟੀ ਆਈ ਪਬਲੀਕੇਸ਼ਨਜ਼ ਆਰਡਰਲਾਈਨ (DTI Publications Orderline) ਨੂੰ ਨੰਬਰ 0870 1502 500 'ਤੇ ਫ਼ੋਨ ਕਰਕੇ ਜਾਂ ਇੰਟਰਨੈੱਟ ਸਾਈਟ *www.dti.gov.uk/publications* 'ਤੇ ਆਰਡਰ ਕਰਕੇ ਮੰਗਵਾਏ ਜਾ ਸਕਦੇ ਹਨ।

- ਨੌਕਰੀ ਦੇਣ ਵਾਲੇ ਸਟੈਚਿਊਟਰੀ ਪੈਟਰਨਿਟੀ ਪੇਅ ਬਾਰੇ ਜਾਣਕਾਰੀ ਇੰਨਲੈਂਡ ਰੈਵਿਨਿਊ ਤੋਂ ਲੈ ਸਕਦੇ ਹਨ (*www.inlandrevenue.gov.uk/employers*) ਜਿਹਨਾਂ ਨੇ ਨੌਕਰੀ ਦੇਣ ਵਾਲਿਆਂ ਲਈ ਹੈਂਡਬੁਕ E15 *Pay and time off work for parents* (ਮਾਪਿਆਂ ਲਈ ਤਨਖ਼ਾਹ ਅਤੇ ਉਹਨਾਂ ਨੂੰ ਕੰਮ ਤੋਂ ਸਮਾਂ ਕੱਢਣ ਦੇਣਾ) (ਕਾਪੀਆਂ ਮੰਗਵਾਉਣ ਲਈ ਨੰਬਰ 08457 646 646 'ਤੇ ਫ਼ੋਨ ਕਰੋ)।
  ਹੋਰ ਮਦਦ ਲੈਣ ਲਈ ਐਂਪਲਾਇਰਜ਼ ਹੈਲਪਲਾਈਨ ਨੂੰ ਨੰਬਰ 0845 714 3143 'ਤੇ ਫ਼ੋਨ ਕਰੋ।

- ਨੌਕਰੀ ਨਾਲ ਸੰਬੰਧਤ ਕਾਨੂੰਨੀ ਮਸਲਿਆਂ ਬਾਰੇ ਅਤੇ ਨਵੇਂ ਹੱਕਾਂ ਬਾਰੇ, ਅਤੇ ਚੰਗੇ ਕੰਮ ਕਾਜ ਬਾਰੇ ਜਾਣਕਾਰੀ ਏਕਾਸ (ACAS) ਦੇ ਦਫ਼ਤਰਾਂ ਤੋਂ (*www.acas.org.uk*) ਜਾਂ ਇਹਨਾਂ ਦੀ ਨੈਸ਼ਨਲ ਹੈਲਪਲਾਈਨ ਨੂੰ ਫ਼ੋਨ ਨੰਬਰ 08457 474747 'ਤੇ ਫ਼ੋਨ ਕਰਕੇ ਲਈ ਜਾ ਸਕਦੀ ਹੈ

- ਛੋਟੇ ਕਾਰੋਬਾਰ *www.businesslink.org* 'ਤੇ ਰਜਿਸਟਰ ਹੋ ਕੇ ਨੌਕਰੀ ਨਾਲ ਸਨਬੰਧਤ ਕਾਨੂੰਨ ਬਾਰੇ ਤਾਜ਼ੀ ਜਾਣਕਾਰੀ ਲੈ ਸਕਦੇ ਹਨ। ਛੋਟੇ ਕਾਰੋਬਾਰਾਂ ਦੀ ਮਦਦ ਲਈ ਹੋਰ ਅਨੇਕ ਕਿਸਮ ਦੀ ਜਾਣਕਾਰੀ ਵੀ ਮਿਲ ਸਕਦੀ ਹੈ।

- ਨੌਕਰੀ ਨਾਲ ਸੰਬੰਧਤ ਕਾਨੂੰਨ ਦੇ ਸਭਨਾਂ ਪਹਿਲੂਆਂ ਬਾਰੇ ਜਾਣਕਾਰੀ ਆਮ ਤੌਰ 'ਤੇ ਅਕਾਊਂਟੈਂਟ, ਸਿਟੀਜ਼ਨਜ਼ ਐਡਵਾਈਸ ਬਿਊਰੋ, ਨੌਕਰੀ ਦੇਣ ਵਾਲਿਆਂ ਦੀਆਂ ਸੰਸਥਾਵਾਂ, ਕਾਨੂੰਨੀ ਸਲਾਹਕਾਰ, ਲੋਅ ਪੇਅ ਯੂਨਿਟ, ਟ੍ਰੇਡ ਯੂਨੀਅਨਾਂ ਅਤੇ ਪ੍ਰਾਈਵੇਟ ਅਤੇ ਵਾਲੰਟਰੀ ਸੈਕਟਰ ਦੀਆਂ ਕਈ ਜਥੇਬੰਦੀਆਂ ਵੀ ਦੇ ਸਕਦੀਆਂ ਹਨ।